This question paper contains 3 printed pages]

*Your Roll No.* ..................................

**5786**

**B.A. (PROGRAMME)/I** **E**

PUNJABI LANGUAGE (A)—Paper I

(Advanced Punjabi)

(Admissions of 2004/2006 and onwards in respect of the students of regular colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇੱਕ ਉਪਰ 500 ਸ਼ਬਦਾਂ ਦਾ ਨਿਬੰਧ ਲਿਖੋ: 15

(ੳ) ਰੁੱਖਾਂ ਦੇ ਲਾਭ

(ਅ) ਸਾਡੀ ਸਿਖਿਆ ਪ੍ਰਣਾਲੀ

(ੲ) ਪੰਜਾਬ ਦੇ ਮੇਲੇ

2. ਆਪਣੇ ਕਿਸੇ ਮਨ-ਪਸੰਦ ਨਾਵਲ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 15

**ਜਾਂ**

ਆਪਣੇ ਮਨ-ਭਾਉਂਦੇ ਵਿਸ਼ੇ ਨਾਲ ਸੰਬੰਧਤ ਕੋਈ ਕਵਿਤਾ ਲਿਖੋ।

3. ਲਗਾਖਰ ਕਿਸ ਨੂੰ ਆਖਦੇ ਹਨ? ਉਦਾਹਰਨਾਂ ਸਹਿਤ ਇਨ੍ਹਾਂ ਦੀ ਵਰਤੋਂ ਬਾਰੇ ਦੱਸੋ। 10

4. (ੳ) ਵਿਸ਼ੇਸ਼ਣ ਦੀ ਪਰਿਭਾਸ਼ਾ ਦਿਓ। ਸੰਖਿਆਵਾਚਕ ਵਿਸ਼ੇਸ਼ਣ ਦੇ ਰੂਪ ਉਦਾਹਰਨਾਂ ਸਹਿਤ ਸਪਸ਼ਟ ਕਰੋ। 10

**ਜਾਂ**

ਹੇਠ ਲਿਖੇ ਨਾਂਵ ਸ਼ਬਦਾਂ ਦੇ ਵਿਸ਼ੇਸ਼ਣ ਬਣਾਓ:

ਚਿਟਾਈ, ਮੂਰਖ, ਖੋਟ, ਸ਼ਰਧਾ, ਝਗੜਾ, ਹੱਥ, ਗੁੱਸਾ, ਪਵਿੱਤਰਤਾ, ਰੰਗ, ਹੋਛਾਪਣ

(ਅ) ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿੰਨ ਲਾ ਕੇ ਲਿਖੋ: 5

ਉਸ ਨੇ ਲੋੜਵੰਦਾਂ ਨੂੰ ਮਾਂ ਦਾ ਪਿਆਰ ਦੇਣਾ ਸ਼ੁਰੂ ਕੀਤਾ ਉਸ ਦਾ ਕਹਿਣਾ ਸੀ ਇਹ ਵਿਚਾਰੇ ਗ਼ਰੀਬ ਬਿਮਾਰ ਅਪਾਹਜ ਮੇਰੇ ਲਈ ਰੱਬ ਦਾ ਰੂਪ ਹਨ ਉਨ੍ਹਾਂ ਨੂੰ ਹੱਥ ਨਾਲ ਛੂਹਣਾ ਇੰਜ ਹੈ ਜਿਵੇਂ ਮੈਂ ਪ੍ਰਭੂ ਨੂੰ ਸਪਰਸ਼ ਕਰ ਰਹੀ ਹਾਂ ਸਮਾਜ ਸੇਵਾ ਈਸ਼ਵਰ ਸੇਵਾ ਦਾ ਮਾਧਿਅਮ ਹੈ।

5. ਹੇਠ ਲਿਖੇ ਪੈਰੇ ਦਾ ਸਾਰ ਲਿਖੋ। ਢੁੱਕਵਾਂ ਸਿਰਲੇਖ ਵੀ ਦਿਓ। 10

ਬਹਾਦਰੀ ਦਾ ਜੀਵਨ ਹੀ ਸਭ ਤੋਂ ਵਧੀਆ ਜੀਵਨ ਹੁੰਦਾ ਹੈ। ਅਜਿਹੇ ਜੀਵਨ ਦੀ ਸਭ ਤੋਂ ਵੱਡੀ ਪਛਾਣ ਇਹ ਹੈ ਕਿ ਇਹ ਅਜਿਹੇ ਜੀਵਨ ਦੀ ਚਿੰਤਾ ਨਹੀਂ ਕਰਦਾ ਕਿ ਤਮਾਸ਼ਾ ਦੇਖਣ ਵਾਲੇ ਲੋਕ ਉਹਦੇ ਬਾਰੇ ਕੀ ਸੋਚਦੇ ਹੋਣਗੇ। ਲੋਕਾਂ ਦੀ ਪ੍ਰਵਾਹ ਕੀਤੇ ਬਿਨਾਂ ਜਿਊਣ ਵਾਲਾ ਆਦਮੀ ਹੀ ਦੁਨੀਆਂ ਦੀ ਅਸਲੀ ਤਾਕਤ ਹੁੰਦਾ ਹੈ ਅਤੇ ਮਨੁੱਖਤਾ ਨੂੰ ਰੌਸ਼ਨੀ ਵੀ ਅਜਿਹੇ ਆਦਮੀ ਤੋਂ ਹੀ ਮਿਲਦੀ ਹੈ। ਆਲੇ-ਦੁਆਲੇ ਤੋਂ ਡਰ-ਡਰ ਕੇ ਚੱਲਣਾ ਸਾਧਾਰਨ ਜੀਵ ਦਾ ਕੰਮ ਹੁੰਦਾ ਹੈ। ਕ੍ਰਾਂਤੀ ਲਿਆਉਣ ਵਾਲੇ ਬਹਾਦਰ ਲੋਕ ਨਾ ਤਾਂ ਆਪਣੇ ਉਦੇਸ਼ ਦੀ ਤੁਲਣਾ ਕਿਸੇ ਗੁਆਂਢੀ ਨਾਲ ਕਰਦੇ ਹਨ ਅਤੇ ਨਾ ਆਪਣੀ ਚਾਲ ਨੂੰ ਗੁਆਂਢੀ ਦੀ ਚਾਲ ਦੇਖ ਕੇ ਮੱਧਮ ਕਰਦੇ ਹਨ।

6. ਹੇਠ ਲਿਖੇ ਪਿਛੇਤਰ ਵਰਤ ਕੇ ਸ਼ਬਦ ਬਣਾਓ ਅਤੇ ਉਨ੍ਹਾਂ ਨੂੰ ਵਾਕਾਂ ਵਿਚ ਵੀ ਵਰਤੋਂ: 10

ਸ਼ਾਲਾ, ਈ, ਤਾ, ਕਾਰ, ਬਾਜ